ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:), ਪੰਜਾਬ, ਐਸ.ਏ.ਐਸ ਨਗਰ।

ਈ-ਬਲਾਕ, ਚੌਥੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8 ਮੋਹਾਲੀ।

(ਵਜੀਫਾ ਸਾਖਾ)

ਵੱਲ,

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜਿਲਾ ਸਿੱਖਿਆ ਅਫਸਰ (ਸੈ;ਸਿ)
ਸਮੂਹ ਸਕੂਲ ਮੁੱਖੀ /ਪ੍ਰਿੰਸੀਪਲ

ਮੀਮੋ ਨੰ: 16/25-10 ਵਜੀਫਾ(6)
ਮਿਤੀ 11-4-16

ਵਿਸਾ- ਵਿਦਿਅਕ ਸੈਸਨ 2016-17 ਵਿੱਚ ਪ੍ਰੀ ਮੈਟ੍ਰਿਕ ਸਕਾਲਰਸਿਪ ਸਕੀਮਾਂ ਲਈਸਕੂਲ ਦੇ ਵਿਦਿਆਰਥੀਆਂ ਵੱਲੋਂ ਈ-ਪੰਜਾਬ ਪੋਰਟਲ ਤੇ ਅਪਲਾਈ ਕਰਨ ਸਬੰਧੀ ਹਦਾਇਤਾਂ।

ਉਪਰੋਕਤ ਵਿਸੇ ਸਬੰਧੀ ਕੇਦਰ ਅਤੇ ਰਾਜ ਸਪੋਸਰਡ ਸਕੀਮਾਂ ਵਿੱਚ ਸਾਲ 2016-17 ਦੌਰਾਨ ਸਰਕਾਰੀ / ਏਡਿਡ/ ਪ੍ਰਾਈਵੇਟ ਸਕੂਲ/ ਸੰਸਥਵਾਂ ਜ਼ੋ ਕਿਸੇ ਵੀ ਬੋਰਡ ਤੋਂ ਮਾਨਤਾ ਪ੍ਰਾਪਤ ਹੋਣ , ਲਈ ਅਪਲਾਈ ਕਰਨ ਲਈ ਯੋਗ ਹਨ । ਪ੍ਰੰਤੂ ਹਰ ਸਕੂਲ ਈ ਪੰਜਾਬ ਪੋਰਟਲ ਵਿੱਚ ਰਜਿਸਟਰਡ ਹੋਣਾ ਵੀ ਲਾਜਮੀ ਹੈ। ਜ਼ੋ ਸਕੀਮਾਂ ਵਿਭਾਗ ਵੱਲੋਂ ਈ ਪੰਜਾਬ ਪੋਰਟਲ ਤੇ ਚਲਾਈਆਂ ਜਾਣਗੀਆਂ ,ਉਹ ਨਾਲ ਨੱਥੀ ਹਨ।

ਉਪਰੋਕਤ ਸਕੀਮ ਸਬੰਧੀ ਹਦਾਇਤਾਂ www.ssapunjab.org ਦੇ **scholarship link** ਤੇ ਉਪਲਬੱਧ ਹਨ । ਇਹਨਾ ਸਕੀਮਾਂ ਵਿੱਚ ਵਿਦਿਆਰਥੀਆਂ ਦੇ ਕਲੇਮ ਭਰਨ ਸਮੇਂ ਹਦਾਇਤਾਂ ਨੂੰ ਵਿਸੇਸ ਤੌਰ ਤੇ ਧਿਆਨ ਵਿੱਚ ਰੱਖਿਆ ਜਾਵੇ। ਕਿਉ ਜ਼ੋ ਸੈਸਨ 2015-16 ਵਿੱਚ ਸਕੂਲਾਂ ਵੱਲੋਂ ਕਲੇਮ ਹਦਾਇਤਾਂ ਅਨੁਸਾਰ ਨਾ ਭਰਨ ਕਾਰਨ, ਮੁੱਖ ਦਫਤਰ ਵੱਲੋਂ ਸਕਟਰੂਨਿੰਗ ਸਮੇਂ ਰਿਜੈਕਟ ਕਰਨ ਉਪਰੰਤ ਗਲਤ ਸਕੀਮ ਵਿੱਚ ਅਪਲਾਈ ਕਰਨ ਕਾਰਨ ਸਕੀਮ ਬਦਲਣ ਲਈ ਬੇਨਤੀ ਪੱਤਰ ਦਿੱਤੇ ਗਏ ਸਨ ।

ਹੁਣ ਸਾਲ 2016-17 ਦੌਰਾਨ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਜਿਹੜੀ ਸਕੀਮ ਵਿੱਚ ਅਪਲਾਈ ਕਰਵਾਇਆ ਜਾਵੇਗਾ । ਉਸ ਨੂੰ ਹੀ **Final** ਮੰਨਿਆ ਜਾਵੇਗਾ। ਜੇਕਰ ਸਕਟਰੂਨਿੰਗ ਦੌਰਾਨ ਆਮਦਨ ਹੱਦ , ਰੇਟ, ਉਮਰ ਅਤੇ ਹੋਰ ਕਿਸੇ ਤਰ੍ਹਾਂ ਦੇ ਵੇਰਵੇ ਗਲਤ ਪਾਏ ਗਏ ਤਾਂ ਉਹ ਰਿਜੈਕਟ ਕਰ ਦਿੱਤੇ ਜਾਣਗੇ। ਜਿਸ ਦੀ ਜਿੰਮੇਵਾਰੀ ਕਲਾਸ ਇੰਚਾਰਜ ਦੀ ਹੋਵੇਗੀ। ਵਿਦਿਆਰਥੀਆਂ ਦੀ ਸਕੀਮ ਦੀਆਂ ਹਦਾਇਤਾਂ ਅਨੁਸਾਰ ਸਾਰੇ ਦਸਤਾਵੇਜ਼ ਦੀ ਹਾਰਡ ਕਾਪੀ ਸਕੂਲ/ਕਲਾਸ ਇੰਚਾਰਜ ਕੋਲ ਉਪਲਬੱਧ ਹੋਣੀ ਚਾਹੀਦੀ ਹੈ। ਹਰ ਸਕੂਲ ਵਿੱਚ ਦੋ ਵਜੀਫਾ ਇੰਚਾਰਜ ਬਣਾਏ ਜਾਣਗੇ। ਇੱਕ ਪ੍ਰੀ ਮੈਟ੍ਰਿਕ ਸਕੀਮਾਂ ਲਈ ਅਤੇ ਇੱਕ ਪੋਸਟ ਮੈਟ੍ਰਿਕ ਸਕੀਮਾਂ ਲਈ।

ਇਸ ਤਰ੍ਹਾਂ **Work Flow** ਅਨੁਸਾਰ ਵਿਦਿਆਰਥੀ ਆਪਣੇ ਸਾਰੇ ਦਸਤਾਵੇਜ਼ ਕਲਾਸ ਇੰਚਾਰਜ ਨੂੰ ਜਮ੍ਹਾਂ ਕਰਵਾਉਗੇ ਅਤੇ ਕਲਾਸ ਇੰਚਾਰਜ ਵੱਖ-ਵੱਖ ਸਕੀਮਾਂ ਦੀ ਲਿਸਟ ਆਪਣੀ ਜਮਾਤ ਵਿੱਚ

ਲਗਾਵੇਗਾ, ਜਿਸ ਅਨੁਸਾਰ ਵਿਦਿਆਰਥੀ/ ਮਾਪੇ ਇਹ **Decide** ਕਰ ਸਕਣਗੇ ਕਿ ਉਹ ਕਿਸ ਸਕੀਮ ਅਧੀਨ ਵਧੇਰੇ ਲਾਭ ਲੈ ਸਕਦੇ ਹਨ ਅਤੇ ਇਸ ਸਬੰਧੀ ਮਾਪਿਆਂ ਨੂੰ ਗਾਇਡ ਕੀਤਾ ਜਾਵੇ।

ਸਕੀਮ ਵਿੱਚ ਅਪਲਾਈ ਕਰਨ ਵਾਲੇ ਵਿਦਿਆਰਥੀ ਦਾ ਆਧਾਰ ਹੋਣਾ ਲਾਜਮੀ ਹੈ ਅਤੇ ਉਸ ਨੂੰ ਬੈਂਕ ਨਾਲ ਵੀ ਲਿੰਕ ਕਰਵਾਉਣਾ ਜਰੂਰੀ ਹੈ।ਜਿੰਨਾਂ ਵਿਦਿਆਰਥੀਆਂ ਦੇ ਆਧਾਰ ਨਹੀ ਬਣੇ ਹਨ , ਉਹਨਾ ਦੇ ਆਧਾਰ ਜਲਦ ਤੋਂ ਜਲਦ ਬਣਵਾਏ ਜਾਣ ।ਆਧਾਰ ਬਣਾਉਣ ਵਾਲੀਆ ਅਜੰਸੀਆਂ ਅਤੇ ਜਿਲੇ ਵਿੱਚ ਮਸੀਨਾ ਦੀ ਸਥਿਤੀ ਸਬੰਧੀ ਜਾਣਕਾਰੀ ਵੈਬ ਸਾਇਟ **www.ssapunjab.org** ਤੇ ਪਾਈਆਂ ਗਈਆਂ ਹਨ।

ਹਰ ਸਕੂਲ **epunjabschool.gov.in** ਦੀ **Login ID** ਵਿੱਚ ਵਿਦਿਆਰਥੀਆਂ ਦੇ ਸਾਰੇ ਵੇਰਵੇ ਚੈਕ ਕਰ ਕੇ ਤਸਦੀਕ ਕਰਨ ਕਿ ਸਾਰੇ ਵੇਰਵੇ ਪੂਰੇ ਅਤੇ ਸਹੀ ਹਨ, ਇਸ ਸਬੰਧੀ ਜਿਲਾ ਸਿੱਖਿਆ ਅਫਸਰ ਆਪਣੇ ਜਿਲੇ ਦੇ ਸਾਰੇ ਸਕੂਲ ਮੁੱਖੀਆਂ ਨੂੰ ਹਦਾਇਤ ਕਰਨ , ਕਿਉ ਜੋ ਨੇੜਲੇ ਭਵਿੱਖ ਵਿੱਚ ਵਜੀਫਾ ਸਕੀਮਾਂ ਲਈ ਕਾਰਵਾਈ ਸੁਰੂ ਕੀਤੀ ਜਾ ਰਹੀ ਹੈ।

11/4/16

ਵਿਸੇਸ ਕਾਰਜ ਅਫਸਰ (ਵਜੀਫਾ)

1 ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ. ਸਕੀਮ (9ਵੀ ਤੋਂ 10)

2 ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ੳ.ਬੀ.ਸੀ. ਸਕੀਮ

3 ਮਲੀਨ ਕਿੱਤਾ ਕਰਨ ਵਾਲੇ ਮਾਪਿਆ ਦੇ ਬੱਚਿਆ ਨੂੰ ਵਜੀਫਾ ਦੇਣ ਦੀ ਸਕੀਮ

4 ਪ੍ਰੀ ਮੈਟ੍ਰਿਕ ਮਨਿਉਰਟੀ ਸਕੀਮ (6ਵੀ ਤੋਂ 10ਵੀ)

5 ਨੈਸਨਲ ਸਕੀਮ ਇੰਨਸੈਟਿਗ ਟੂ ਗਰਲਜ ਆਫ ਸੈਕੰਡਰੀ ਐਜੂਕੇਸਨ ਅਧੀਨ **(NSIGSE)**

6 ਨੈਸਨਲ ਮੀਨਜ ਕਮ ਮੈਰਿਟ ਸਕਾਲਰਸਿਪ ਸਕੀਮ **(NMMS)**

7 ਅੱਪਗ੍ਰੇਡੇਸਨ ਆਫ ਮੈਰਿਟ ਐਸ.ਸੀ. ਸਟੂਡੈਂਟਸ ਅਧੀਨ ਸਕਾਲਰਸਿਪ ਸਕੀਮ

8 ਰਾਜ ਵਿਦਿਅਕ ਭਲਾਈ ਸਕੀਮ 6ਵੀ ਤੋਂ 8ਵੀ ਐਸ.ਸੀ. ਵਿਦਿਆਰਥੀ

9 55- ਅਵਾਰਡ ਟੂ ਐਸ.ਸੀ. ਸਪੋਰਟਸ ਸਟੂਡੈਂਟਸ (6ਵੀ ਤੋਂ 12ਵੀ)

10 ਡੀਨੋਟੀਫਾਇਡ ਟਰਾਇਬਜ (ਵਿਮੁਕਤ ਜਾਤੀਆਂ) ਸਕੀਮ (6ਵੀ ਤੋਂ 12ਵੀ)

11 ਅਨੁਸੂਚਿਤ ਜਾਤੀਆਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਦੇਣ ਦੀ ਸਕੀਮ (6ਵੀ ਤੋਂ 12ਵੀ)